# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
2. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/88396-432
ਮਿਤੀ,ਚੰਡੀਗੜ੍ਹ 10-10-2011

ਵਿਸ਼ਾ :- ਗਣਿਤ ਵਿਸ਼ੇ ਵਿੱਚ ਵਧੀਆ ਕਾਰਗੁਜ਼ਾਰੀ ਵਾਲੇ ਸਕੂਲਾਂ ਲਈ ਡਾਇਰੈਕਟਰ ਐਵਾਰਡ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਗੁਣਾਤਮਕ ਸਿੱਖਿਆ ਦੇਣ ਦੇ ਉਪਰਾਲਿਆਂ ਦੀ ਕੜੀ ਵਿੱਚ ਵਿਸ਼ੇਸ਼ ਕਰਕੇ ਗਣਿਤ ਵਿਸ਼ੇ ਨੂੰ ਵਿਦਿਆਰਥੀਆਂ ਵਿੱਚ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਕਦਮ ਚੁੱਕੇ ਜਾ ਰਹੇ ਹਨ। ਇਸ ਤਹਿਤ ਜੇਕਰ ਸਕੂਲ ਮੁੱਖੀ ਅਤੇ ਗਣਿਤ ਵਿਸ਼ੇ ਦੇ ਅਧਿਆਪਕਾਂ ਦੀ ਲਗਨ ਅਤੇ ਮਿਹਨਤ ਸਦਕਾ ਜੇਕਰ ਕਿਸੇ ਸਕੂਲ ਦੀ ਲਗਾਤਾਰ, ਤਿੰਨ ਜਾਂ ਜ਼ਿਆਦਾ ਵਾਰ, ਗਣਿਤ ਵਿਸ਼ੇ ਵਿੱਚ ਵਧੀਆ ਮਹੀਨਾਵਾਰ ਰਿਪੋਰਟ ਹੋਵੇਗੀ ਤਾਂ ਉਸ ਸਕੂਲ ਨੂੰ "ਡਾਇਰੈਕਟਰ ਐਵਾਰਡ ਫਾਰ ਐਕਸੀਲੈਂਸੀ ਇਨ ਮੈਥ" ਦੀ ਟ੍ਰਾਫੀ ਦਿੱਤੀ ਜਾਵੇਗੀ ਅਤੇ ਨਾਲ ਹੀ ਸਬੰਧਤ ਅਧਿਆਪਕ ਨੂੰ ਪ੍ਰਸੰਸਾ ਪੱਤਰ ਵੀ ਦਿੱਤਾ ਜਾਵੇਗਾ।

3.0 ਇਹ ਟ੍ਰਾਫੀ ਉਨੀਂ ਦੇਰ ਤੱਕ ਉਸੇ ਹੀ ਸਕੂਲ ਕੋਲ ਰਹੇਗੀ ਜਿੰਨੀ ਦੇਰ ਤੱਕ ਕੋਈ ਅਗਲਾ ਸਕੂਲ ਲਗਾਤਾਰ ਉਸ ਤੋਂ ਵੱਧੀਆ ਤਿੰਨ ਜਾਂ ਜ਼ਿਆਦਾ ਵਾਰੀ ਆਪਣੀ ਕਾਰਗੁਜ਼ਾਰੀ ਸਾਬਿਤ ਨਹੀਂ ਕਰ ਲੈਂਦਾ। ਹਰ ਜ਼ਿਲ੍ਹੇ ਵਿੱਚ ਗਣਿਤ ਵਿਸ਼ੇ ਲਈ ਇਹ ਵੱਖਰੀ **running trophy** ਵੀ ਹੋਵੇਗੀ।

4.0 ਇਹ ਟ੍ਰਾਫੀ ਜਿੱਤਣ ਲਈ ਸਕੂਲ ਵਿੱਚ ਵਿਦਿਆਰਥੀਆਂ ਦੀ ਗਣਿਤ ਬਾਰੇ ਪੂਰੀ ਸੋਚ-ਸਮਝ ਵਿਕਸਿਤ ਹੋਵੇ, ਵਿਦਿਆਰਥੀਆਂ ਦੀ ਗਣਿਤ ਮੁਕਾਬਲਿਆਂ ਵਿੱਚ ਚੰਗੀ ਕਾਰਗੁਜ਼ਾਰੀ, ਮੈਥ ਅਧਿਆਪਕਾਂ ਦੁਆਰਾ ਟੀ.ਐਲ.ਐਮ , ਮੈਥ ਦੀ ਕਿੱਟ ਕਾਰਡਜ਼ ਦੀ ਪੂਰੀ ਵਰਤੋਂ, ਮੈਥ ਕਾਰਨਰ ਦਾ ਸਥਾਪਿਤ ਹੋਣਾ ਅਤੇ ਆਪਣੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਗਣਿਤ ਲਈ ਤਿਆਰ ਕਰਨਾ ਆਦਿ ਸਾਰਾ ਕੁੱਝ ਦੇਖਿਆ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ